بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.05.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਇਸ ਜ਼ਮਾਨੇ ਵਿੱਚ ਮਸੀਹ ਮੌਊਦ ਰਾਹੀਂ ਸ਼ੈਤਾਨ ਨਾਲ ਅੰਤਮ ਜੰਗ ਹੈ ਪਰ ਜੇਕਰ ਅਸੀਂ ਆਪਣੇ ਅਮਲਾਂ ਰਾਹੀਂ ਮੌਕਾ ਦੇ ਰਹੇ ਹਾਂ ਕਿ ਸਾਡੇ ਬੱਚੇ ਤੇ ਨੌਜੁਆਨਾਂ ਨੂੰ ਅਹੁਦੇਦਾਰਾਂ ਦੇ ਰਵੱਈਏ ਕਰਕੇ ਸ਼ੈਤਾਨ ਹਮਦਰਦੀ ਜਤਾ ਕੇ ਆਪਣੇ ਕਾਬੂ ਵਿੱਚ ਕਰ ਲਏ ਤਾਂ ਫਿਰ ਅਜਿਹੇ ਅਹੁਦੇਦਾਰ ਭਾਵੇਂ ਉਹ ਪੁਰੁਸ਼ ਹਨ ਜਾਂ ਇਸਤਰੀ ਮਸੀਹ ਮੌਊਦ ਦੇ ਮਦਦਗਾਰ ਨਹੀਂ ਹਨ ਸਗੋਂ ਸ਼ੈਤਾਨ ਦੇ ਮਦਦਗਾਰ ਹਨ । ਸੋ, ਹਰ ਇਕ ਅਹੁਦੇਦਾਰ ਨੂੰ ਵਿਸ਼ੇਸ਼ ਰੂਪ ਵਿੱਚ ਜਤਨ ਕਰਨਾ ਚਾਹੀਦਾ ਹੈ ਕਿ ਉਸ ਨੇ ਆਪਣੇ ਆਪ ਨੂੰ ਵੀ ਸ਼ੈਤਾਨ ਤੋਂ ਬਚਾਉਣਾਂ ਅਤੇ ਜਮਾਤ ਦੇ ਲੋਕਾਂ ਨੂੰ ਵੀ ਬਚਾਉਣਾਂ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਮਈ 2016 ਈ. ਨੂੰ ਮਸਜਿਦ ਨਾਸਿਰ, ਗੋਟਨਬਰਗ (ਸਵੀਡਨ) ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਕੁਰਆਨ ਕਰੀਮ ਵਿੱਚੋਂ ਸੂਰਤ ਨੂਰ ਦੀ 22ਵੀਂ ਆਇਤ ਦੀ ਤਲਾਵਤ ਫ਼ਰਮਾਈ ਜਿਸ ਦਾ ਅਨੁਵਾਦ ਇਹ ਹੈ ਕਿ "ਹੇ, ਲੋਕੋ ਜੋ ਈਮਾਨ ਲਿਆਏ ਹੋ ਸ਼ੈਤਾਨ ਦੇ ਪਦਚਿੰਨ੍ਹਾਂ ਉਪੱਰ ਨ ਚੱਲੋ ਅਤੇ ਜੋ ਕੋਈ ਸ਼ੈਤਾਨ ਦੇ ਪਦਚਿੰਨ੍ਹਾ ਉਪੱਰ ਚਲਦਾ ਹੈ ਤਾਂ ਉਹ ਨਿਸ਼ਚੇ ਹੀ ਬੇ ਹਿਯਾਈ ਤੇ ਨਿਰਲਜੱਤਾ ਦੀਆਂ ਗੱਲਾਂ ਦਾ ਆਦੇਸ਼ ਦਿੰਦਾ ਹੈ । ਜੇਕਰ ਰੱਬ ਦੀ ਮਿਹਰ ਤੇ ਉਸ ਦੀ ਰਹਮਤ ਤੁਹਾਡੇ ਉਪੱਰ ਨ ਹੋਵੇ ਤਾਂ ਤੁਹਾਡੇ ਵਿੱਚੋਂ ਇਕ ਵੀ ਪਾਕ ਨਹੀਂ ਹੋ ਸਕਦਾ, ਪਰ ਰੱਬ ਜਿਸ ਨੂੰ ਚਾਹੁੰਦਾ ਹੈ ਪਾਕ ਕਰ ਦਿੰਦਾ ਹੈ ਅਤੇ ਅਲੱਾਹ ਬਹੁਤ ਸੁਣਨ ਵਾਲਾ ਤੇ ਸਦੈਵੀ ਗਿਆਨ ਰਖੱਣ ਵਾਲਾ ਹੈ।"

ਅਲੱਾਹ ਤਆਲਾ ਨੇ ਇਸ ਆਇਤ ਤੋਂ ਬਿਨਾ ਵੀ ਬਨੀ ਆਦਮ (ਆਦਮ ਦੀ ਸੰਤਾਨ) ਤੇ ਮੋਮਿਨਾਂ ਨੂੰ ਸ਼ੈਤਾਨ ਤੋਂ ਬਚਣ ਅਤੇ ਉਸ ਦੇ ਪਦਚਿੰਨ੍ਹਾ ਉਪੱਰ ਚਲੱਣ ਦੀ ਹਿਦਾਇਤ ਉਪੱਰ ਚੇਤਾਵਨੀ ਦਿੱਤੀ ਹੈ । ਇਹ ਆਦੇਸ਼ ਇਸ ਲਈ ਹੈ ਕਿ ਸ਼ੈਤਾਨ ਰੱਬ ਦੇ ਆਦੇਸ਼ਾਂ ਦਾ ਨਾਫ਼ਰਮਾਨ ਹੈ ਰੱਬ ਦੇ ਅਦੇਸ਼ਾਂ ਦੇ ਵਿਰੁਧ ਚਲਦਾ ਹੈ ਉਹਨਾਂ ਦੀ ਬਗਾਵਤ ਕਰਦਾ ਹੈ ਅਤੇ ਸਪਸ਼ਟ ਹੈ ਕਿ ਜੋ ਰੱਬ ਦਾ ਨਾਫ਼ਰਮਾਨ ਹੈ ਅਤੇ ਉਸ ਦੇ ਆਦੇਸ਼ਾਂ ਦੇ ਵਿਰੁਧ ਚਲੱਣ ਵਾਲਾ ਹੋਵੇ ਉਹ ਆਪਣੇ ਪਿੱਛੇ ਚਲੱਣ ਵਾਲਿਆਂ ਨੂੰ ਵੀ ਉਹੋ ਕੁਝ ਸਿਖਾਏਗਾ ਜੋ ਆਪ ਕਰਦਾ ਹੈ ਅਤੇ ਫ਼ਿਰ ਇਸ ਦਾ ਸਿੱਟਾ ਇਹ ਨਿਕਲੇਗਾ ਕਿ ਸ਼ੈਤਾਨ ਆਪ ਤਾਂ ਨਰਕ ਦਾ ਬਾਲ੍ਹਣ ਹੈ ਹੀ ਆਪਣੇ ਪਿੱਛੇ ਚਲੱਣ ਵਾਲਿਆਂ ਨੂੰ ਵੀ ਨਰਕ ਦਾ ਬਾਲ੍ਹਣ ਬਣਾ ਦਿੰਦਾ ਹੈ । ਇਹ ਸਭ ਕੁਝ ਖੋਲ ਕੇ ਵਰਨਣ ਕਰਕੇ ਰੱਬ ਫ਼ਰਮਾਉਂਦਾ ਹੈ ਕਿ ਕੀ ਮਨੁੱਖਾਂ ਨੂੰ ਇਸ ਦੇ ਬਾਦ ਵੀ ਸਮਝ ਨਹੀਂ ਆਉਂਦੀ ਕਿ ਸ਼ੈਤਾਨ ਤੁਹਾਡਾ ਪ੍ਰਤਖ ਵੈਰੀ ਹੈ, ਸੋ, ਇਸ ਤੋਂ ਬਚੋਂ । ਇਕ ਤਾਂ ਉਹ ਲੋਕ ਹਨ ਜਿੰਨ੍ਹਾ ਨੂੰ ਧਰਮ ਦੀ ਕੁਝ ਵੀ ਪਰਵਾਹ ਨਹੀਂ ਹੈ, ਨ ਉਹਨਾਂ ਨੂੰ ਇਹ ਪਤਾ ਹੈ ਕਿ ਨਰਕ ਕੀ ਹੈ ਅਤੇ ਸਵਰਗ ਕੀ ਹੈ ? ਨ ਹੀ ਉਹਨਾਂ ਨੂੰ ਰੱਬ ਦੇ ਵੁਜੂਦ ਉਪੱਰ

ਵਿਸ਼ਵਾਸ ਹੈ । ਉਹ ਨ ਤਾਂ ਧਰਮ ਦੀਆਂ ਗੱਲਾਂ ਸਮਝਦੇ ਹਨ ਨ ਸਮਝਣਾ ਚਾਹੁੰਦੇ ਹਨ । ਅਜਿਹੇ ਲੋਕ ਤਾਂ ਸ਼ੈਤਾਨ ਦੇ ਪਿੱਛੇ ਚਲੱਣ ਵਾਲੇ ਹੀ ਹਨ ਪਰ ਅਜਿਹੇ ਵੀ ਹੁੰਦੇ ਹਨ ਜੋ ਈਮਾਨ ਦਾ ਦਾਵਾ ਕਰਕੇ ਆਪ ਨੂੰ ਮੋਮਿਨ ਅਖਵਾ ਕੇ ਫਿਰ ਸ਼ੈਤਾਨ ਦੇ ਪਿੱਛੇ ਚਲੱਣ ਵਾਲੇ ਹਨ ਜਾਂ ਅਗਿਆਨਤਾ ਵਿੱਚ ਕੁਝ ਕਰਮ ਕਰਕੇ ਰੱਬ ਦੇ ਅਸਲੇ (ਕੁਛੱੜ) ਵਿੱਚ ਆਉਣ ਦਾ ਪੂਰਾ ਜਤਨ ਨ ਕਰਕੇ ਸ਼ੈਤਾਨ ਦੇ ਪਦਚਿੰਨ੍ਹਾ'ਤੇ ਚਲੱਣ ਵਾਲੇ ਬਣ ਜਾਂਦੇ ਹਨ ਜਾਂ ਬਣ ਸਕਦੇ ਹਨ ਇਸ ਲਈ ਰੱਬ ਇਸ ਆਇਤ ਵਿੱਚ ਮੋਮਿਨਾ ਨੂੰ ਚਤਰ ਕਰ ਰਿਹਾ ਹੈ, ਉਹਨਾਂ ਨੂੰ ਆਖ ਰਿਹਾ ਹੈ ਕਿ ਸ਼ੈਤਾਨ ਦੇ ਪਦਚਿੰਨ੍ਹਾ'ਤੇ ਨ ਚੱਲੋ । ਮੋਮਿਨਾ ਨੂੰ ਇਹ ਚੇਤਾਵਨੀ ਹੈ ਕਿ ਇਹ ਨ ਸਮਝੋ ਕਿ ਅਸੀਂ ਈਮਾਨ ਲੈ ਆਏ ਹਾਂ ਅਸੀਂ ਇਸਲਾਮ ਕੁਬੂਲ ਕਰ ਲਿਆ ਹੈ ਇਸ ਲਈ ਹੁਣ ਨਿਸ਼ਚਿੰਤ ਹੋ ਗਏ ਹਾਂ । ਨਹੀਂ ਰੱਬ ਫ਼ਰਮਾਉਂਦਾ ਹੈ ਕਿ ਹੁਣ ਵੀ ਸ਼ੈਤਾਨ ਦਾ ਖ਼ਤਰਾ ਉਸੇ ਪ੍ਰਕਾਰ ਹੈ । ਇਖ ਮੋਮਿਨ ਵੀ ਸ਼ੈਤਾਨ ਦੇ ਪੰਜੇ ਵਿੱਚ ਗ੍ਰਿਸਿਆ ਜਾ ਸਕਦਾ ਹੈ ਜਿਸੇ ਇਕ ਗ਼ੈਰ ਮੋਮਿਨ ਹੋ ਸਕਦਾ ਹੈ । ਇਸ ਲਈ ਹਰ ਮੋਮਿਨ ਦਾ ਫ਼ਰਜ਼ ਹੈ ਕਿ ਸ਼ੈਤਾਨ ਦੇ ਹਮਲਿਆਂ ਤੋਂ ਬਚਣ ਲਈ ਹਮੇਸ਼ਾ ਰੱਬ ਨੂੰ ਚੇਤੇ ਰੱਖੇ । ਇਹ ਸਭ ਕੁਝ ਅੱਜ ਕੱਲ ਅਸੀਂ ਦੁਨੀਆ ਵਿੱਚ ਹੁੰਦਾ ਹੋਇਆ ਦੇਖ ਰਹੇ ਹਾਂ ਕਿ ਈਮਾਨ ਦਾ ਦਾਵਾ ਕਰਨ ਵਾਲੇ ਵੀ ਸ਼ੈਤਾਨ ਦੇ ਪਿੱਛੇ ਚੱਲ ਰਹੇ ਹਨ ਜੱਦ ਕਿ ਰੱਬ ਨੇ ਵਾਰਨਿੰਗ ਦਿੱਤੀ ਸੀ ਚੇਤਾਵਨੀ ਵੀ ਦਿੱਤੀ ਸੀ, ਉਧਾਰਣ ਲਈ ਕੁਰਆਨ ਸ਼ਰੀਫ਼ ਵਿੱਚ ਰੱਬ ਫ਼ਰਮਾਉਂਦਾ ਹੈ ਕਿ ਜੋ ਮਨੁੱਖ ਕਿਸੇ ਮੋਮਿਨ ਨੂੰ ਜਾਣਬੁਝ ਕੇ ਕਤਲ ਕਰ ਦੇਵੇ ਤਾਂ ਉਸ ਦਾ ਦੰਡ ਨਰਕ ਹੋਵੇਗਾ । ਹੁਣ ਅੱਜ ਕੱਲ ਜੋ ਕੁਝ ਮੁਸਲਮਾਨ ਦੁਨੀਆ ਵਿੱਚ ਹੋ ਰਿਹਾ ਹੈ ਇਹ ਕੀ ਹੈ । ਆਪੋ ਵਿੱਚ ਇਕ ਦੂਜੇ ਨੂੰ ਕਤਲ ਕਰਕੇ ਸ਼ੈਤਾਨ ਦੇ ਪਿੱਛੇ ਹੀ ਚੱਲ ਰਹੇ ਹਨ ਫਿਰ ਸਾਮੂਹਿਕ ਤੌਰ'ਤੇ ਵੀ ਅਕਾਰਣ ਹੀ ਕਿਸੇ ਦਾ ਕਤਲ ਜੋ ਕਟੱੜਵਾਦੀ ਵੱਖ ਵੱਖ ਹਮਲਿਆਂ ਵਿੱਚ ਕਰਦੇ ਹਨ, ਇਹ ਸਾਰੇ ਹੀ ਸ਼ੈਤਾਨੀ ਕਰਮ ਹਨ ਅਤੇ ਨਰਕ ਵੱਲ ਲੈ ਜਾਣ ਵਾਲੇ ਹਨ ਜੱਦਕਿ ਸ਼ੈਤਾਨ ਦੇ ਧੋਖੇ ਵਿੱਚ ਆਣਕੇ ਸਵਰਗ ਵਿੱਚ ਜਾਣ ਦੇ ਨਾਂ'ਤੇ ਇਹ ਸਭ ਕੁਝ ਕੀਤਾ ਜਾਂਦਾ ਹੈ, ਸ਼ੈਤਾਨ ਤਾਂ ਇਹ ਕਹਿੰਦਾ ਹੈ ਕਿ ਇਹ ਕੰਮ ਕਰੋਗੇ ਤਾਂ ਸਵਰਗ ਵਿੱਚ ਜਾਓਗੇ । ਰੱਬ ਫ਼ਰਮਾਉਂਦਾ ਹੈ ਕਿ ਇਹ ਕੰਮ ਕਰੋਗੇ ਤਾਂ ਸਵਰਗ ਵਿੱਚ ਨਹੀਂ ਜਾਓਗੇ ਨਰਕ ਵਿੱਚ ਜਾਓਗੇ ਕਿਉਂਕਿ ਤੁਸੀਂ ਸ਼ੈਤਾਨ ਦੇ ਪਿੱਛੇ ਚੱਲ ਰਹੇ ਹੋ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜ਼ਰੂਰੀ ਨਹੀਂ ਕਿ ਕੇਵਲ ਕਟੱੜ ਵਾਦੀ ਅਤੇ ਕਾਤਲ ਹੀ ਸ਼ੈਤਾਨ ਦੇ ਪਿੱਛੇ ਚਲੱਣ ਵਾਲੇ ਹਨ ਸਗੋਂ ਮਨੁੱਖ ਜੱਦ ਰੱਬ ਦੇ ਵੇਖਣ ਨੂੰ ਛੋਟੇ ਛੋਟੇ ਆਦੇਸ਼ਾਂ ਤੋਂ ਦੂਰ ਹੋ ਜਾਂਦਾ ਹੈ ਤਾਂ ਸ਼ੈਤਾਨ ਵੱਲ ਵੱਧ ਰਿਹਾ ਹੁੰਦਾ ਹੈ । ਸੋ, ਬਹੁਤ ਅਧਿਕ ਚੌਕੰਨਾ ਹੋਣ ਦੀ ਵੀ ਲੋੜ ਹੈ । ਸ਼ੈਤਾਨ ਜੱਦ ਮਨੁੱਖ ਨੂੰ ਵਰਗਲਾਉਂਦਾ ਹੈ ਬੁਰਾਈਆਂ ਦੀ ਪ੍ਰੇਰਨਾ ਦਿੰਦਾ ਹੈ, ਰੱਬ ਦੇ ਆਦੇਸ਼ਾਂ ਦੀ ਨਾਫ਼ਰਮਾਨੀ ਵੱਲ ਲੈ ਜਾਂਦਾ ਹੈ ਤਾਂ ਖੁਲ ਕੇ ਇਹ ਨਹੀਂ ਕਹਿੰਦਾ ਹੈ ਰੱਬ ਤੋਂ ਦੂਰ ਹੋ ਜਾ ਇਹ ਇਹ ਬੁਰਾਈਆਂ ਕਰੋ ਸਗੋਂ ਨੇਕੀ ਦੀ ਆੜ ਵਿੱਚ ਬੁਰਾਈਆਂ ਵੱਲ ਲੈ ਜਾਂਦਾ ਹੈ । ਇਹ ਆਇਤ ਜੋ ਮੈਂ ਤਲਾਵਤ ਕੀਤੀ ਹੈ ਇਹ ਇਸ ਗੱਲ'ਤੇ ਵੀ ਚਾਨ੍ਹਣਾ ਪਾਉਂਦੀ ਹੈ ਕਿ ਬੁਰਾਈਆਂ ਕਿਵੇਂ ਫੈਲਦੀਆਂ ਹਨ ਅਤੇ ਕਿਵੇਂ ਬੁਰਾਈ ਇਕ ਥਾਂ ਤੋਂ ਦੂਜੇ ਥਾਂ ਫੈਲਦਿਆਂ ਫੈਲਦਿਆਂ ਇਕ ਵਿਸ਼ਾਲ ਖੇਤਰ ਨੂੰ ਆਪਣੀ ਚਪੇਟ ਵਿੱਚ ਲੈ ਲੈਂਦੀ ਹੈ । ਸ਼ੈਤਾਨ ਦੇ ਪਿੱਛੇ ਜੱਦ ਚਲੱਦਾ ਹੈ ਮਨੁੱਖ ਇਕ ਪੈਰ੍ਹ ਪੁਟੱਣ ਮਗਰੋਂ ਜੱਦ ਦੂਜਾ ਪੈਰ੍ਹ ਪੁਟੱਦਾ ਹੈ ਤਾਂ ਇਸ ਦਾ ਅਰਥ ਹੈ ਕਿ ਬੁਰਾਈਆਂ ਨੂੰ ਫੈਲਾ ਰਿਹਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮਾਜ ਵਿੱਚ ਪਰਦੇ ਦੇ ਵਿਰੁਧ ਬਹੁਤ ਕੁਝ ਕਿਹਾ ਜਾਂਦਾ ਹੈ, ਉਹਨਾਂ ਦੀ ਦ੍ਰਿਸ਼ਟੀ ਵਿੱਚ ਇਹ ਕੋਈ ਬੁਰਾਈ ਨਹੀਂ ਇਸ ਲਈ ਕਹਿੰਦੇ ਹਨ । ਇਸ ਬਾਰੇ ਸ਼ਰੀਅਤ ਦੇ ਆਦੇਸ਼ ਦੀ ਲੋੜ ਨਹੀਂ ਸੀ । ਕਈ ਲੜਕੀਆਂ ਹੀਨ ਭਾਵਨਾ ਦਾ ਸ਼ਿਕਾਰ ਹੋਕੇ ਕਿ ਲੋਕ ਕੀ ਕਹਿਣਗੇ, ਪਰਦਾ ਕਰਨ ਵਿੱਚ ਢਿੱਲੀਆਂ ਪੈ ਜਾਂਦੀਆਂ ਹਨ । ਪਰ ਇਸ ਸਮੇਂ ਪਰਦਾ ਲਾਹੁਣ ਵਾਲੀ ਲੜਕੀ ਜਾਂ ਇਸਤਰੀ ਨੂੰ ਇਹ ਵਿਚਾਰ ਨਹੀਂ ਰਹਿੰਦਾ ਕਿ ਇਹ

ਤਾਂ ਅਜਿਹਾ ਆਦੇਸ਼ ਹੈ ਜਿਸ ਦਾ ਕੁਰਆਨ ਕਰੀਮ ਵਿੱਚ ਵਰਨਣ ਹੈ । ਮਾਂਪਿਆਂ ਨੂੰ ਵੀ ਬਚਪੁਨੇ ਤੋਂ ਲੜਕੀਆਂ ਵਿੱਚ ਇਹ ਗੱਲਾਂ ਪੈਦਾ ਕਰਨੀਆਂ ਚਾਹੀਦੀਆਂ ਹਨ ਕਿ ਸ਼ਰਮ ਤੁਹਾਨੂੰ ਇਸਲਾਮੀ ਸਿੱਖਿਆ ਉਪੱਰ ਅਮਲ ਨ ਕਰਕੇ ਆਉਂਣੀ ਚਾਹੀਦੀ ਹੈ ਨ ਕਿ ਰੱਬ ਦੇ ਹੁਕਮਾ ਨੂੰ ਮੰਨ੍ਹ ਕੇ । ਇਸੇ ਪ੍ਰਕਾਰ ਲੜਕਿਆਂ ਵਿੱਚ ਵੀ ਆਜ਼ਾਦ ਸਮਾਜ ਕਰਕੇ ਕਈ ਬੁਰਾਈਆਂ ਹਨ ਜੋ ਚੁਪ ਚੁਪੀਤੇ ਦਾਖ਼ਲ ਹੋ ਜਾਂਦੀਆਂ ਹਨ ਅਤੇ ਫਿਰ ਜੱਦ ਇਕ ਬੁਰਾਈ ਵਿਚੱ ਅਜਿਹੇ ਲੜਕੇ ਸ਼ਾਮਲ ਹੋ ਜਾਂਦੇ ਹਨ ਤਾਂ ਦੂਜੀਆਂ ਬੁਰਾਈਆਂ ਵੀ ਉਹਨਾਂ ਵਿੱਚ ਆਉਂਣੀਆਂ ਅਰੰਭ ਹੋ ਜਾਂਦੀਆਂ ਹਨ । ਉਸ ਵਿੱਚ ਵੀ ਸ਼ਾਮਲ ਹੋ ਜਾਂਦੇ ਹਨ । ਇਸ ਲਈ ਸ਼ੈਤਾਨ ਤੋਂ ਬਚਣ ਲਈ ਤਾਂ ਘਰਾਂ ਵਿੱਚ ਹੀ ਅਜਿਹੇ ਮੋਰਚੇ ਬਨਾਉਣ ਦੀ ਲੋੜ ਹੈ ਕਿ ਇਸਦੇ ਹਰ ਹਮਲੇ ਤੋਂ ਨ ਕੇਵਲ ਬਚਿਆ ਜਾਵੇ ਸਗੋਂ ਇਸ ਦੇ ਹਮਲੇ ਦਾ ਉਤੱਰ ਵੀ ਦਿਤੱਾ ਜਾਵੇ । ਸ਼ੈਤਾਨ ਦੇ ਪਿਆਰ ਨੂੰ ਪਿਆਰ ਸਮਝਕੇ ਉਸ ਨੂੰ ਆਪਣੇ ਜੀਵਨ ਵਿੱਚ ਦਾਖ਼ਲ ਨ ਕਰੋ ਸਗੋਂ ਹਰ ਸਮੇਂ 'ਇਸਤਗ਼ਫ਼ਾਰ' ਕਰਦਿਆਂ ਹੋਇਆਂ ਰੱਬ ਦੀ ਪਨਾਹ ਵਿੱਚ ਆਉਣ ਦਾ ਹਰ ਅਹਮਦੀ ਨੂੰ ਜਤਨ ਕਰਨਾ ਚਾਹੀਦਾ ਹੈ । ਸ਼ੈਤਾਨ ਤੋਂ ਬਚਣ ਦੀ ਸਭ ਤੋਂ ਵੱਡੀ ਪਨਾਹ ਰੱਬ ਹੀ ਹੈ । ਅਤੇ 'ਇਸਤਗ਼ਫਾਰ' ਹੀ ਉਹ ਸਾਧਨ ਹੈ ਜਿਸ ਨਾਲ ਮਨੁੱਖ ਰੱਬ ਦੀ ਪਨਾਹ ਵਿੱਚ ਆ ਸਕਦਾ ਹੈ । ਕੋਈ ਮਨੁੱਖ ਵੀ ਜਾਣਦੇ ਬੁਝਦਿਆਂ ਕਿਸੇ ਬੁਰਾਈ ਵੱਲ ਨਹੀਂ ਜਾਂਦਾ । ਸ਼ੈਤਾਨ ਨੇਕੀਆਂ ਦਾ ਲਾਲਚ ਦੇਕੇ ਹੀ ਮਨੁੱਖ ਨੂੰ ਕਢੱਦਾ ਹੈ ਜਾਂ ਨੇਕੀਆਂ ਦਾ ਲਾਲਚ ਦੇਕੇ ਹੀ ਮੋਮਿਨ ਨੂੰ ਰੱਬ ਦੀ ਪਨਾਹ ਵਿੱਚੋਂ ਕੱਢਿਆ ਜਾ ਸਕਦਾ ਹੈ । ਇਸ ਲਈ ਇਸ ਸਮਾਜ ਵਿੱਚ ਅਹਮਦੀਆਂ ਨੂੰ ਵਿਸ਼ੇਸ਼ ਰੂਪ ਵਿੱਚ ਸਾਵਧਾਨ ਰਹਿਣ ਦੀ ਲੋੜ ਹੈ ਜਿੱਥੇ ਆਜ਼ਾਦੀ ਦੇ ਨਾਂ'ਤੇ ਲੜਕੀ ਲੜਕੇ ਦਾ ਆਜ਼ਾਦਾਨਾ ਮਿਲਣਾ ਜਾਂ ਵੱਖਰਿਆਂ ਮਿਲਣਾ ਕੋਈ ਬੁਰਾਈ ਨਹੀਂ ਸਮਝਿਆ ਜਾਂਦਾ, ਫਿਰ ਕੇਵਲ ਨਾਦਾਨ ਲੜਕੇ ਲੜਕੀਆਂ ਕਰਕੇ ਬੁਰਾਈਆਂ ਨਹੀਂ ਪੈਦਾ ਹੋ ਰਹੀਆਂ ਹੁੰਦੀਆਂ ਸਗੋਂ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਵਿਆਹੇ ਲੋਕਾਂ ਵਿੱਚ ਆਜ਼ਾਦੀ ਤੇ ਮਿਤੱਰਤਾ ਦੇ ਨਾਂ'ਤੇ ਘਰਾਂ ਵਿੱਚ ਆਉਂਣਾ ਜਾਣਾ ਬਿਨਾ ਰੋਕ ਟੋਕ ਦੇ ਅਨੇਕਾਂ ਸਮੱਸਿਆਵਾਂ ਪੈਦਾ ਕਰਦਾ ਹੈ ਅਤੇ ਘਰ ਉਜੱੜਦੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬੁਰਾਈਆਂ ਵਿੱਚੋਂ ਅੱਜ ਕੱਲ ਟੀ.ਵੀ. ਹੈ ਇੰਟਰਨੈਟ ਹੈ, ਇਹੋ ਕੁਝ ਬੁਰਾਈਆਂ ਹਨ ਅਧਿਕਤਰ ਘਰਾਂ ਵਿੱਚ ਪਰਖ ਲਓ ਵੱਡਿਆਂ ਤੋਂ ਲੈਕੇ ਛੋਟੇ ਤੱਕ । ਸਵੇਰੇ ਫ਼ਜਰ ਦੀ ਨਮਾਜ਼ ਵਿੱਚ ਇਸ ਲਈ ਸਮੇਂ ਸਿਰ ਨਹੀਂ ਉਠਦੇ ਕਿ ਰਾਤ ਦੇਰ ਤੱਕ ਜਾਂ ਟੀਵੀ ਦੇਖਦੇ ਰਹਿੰਦੇ ਹਨ ਜਾਂ ਇੰਟਰਨੈਟ ਉਪੱਰ ਬੈਠੇ ਰਹੇ ਆਪਣੇ ਪ੍ਰੋਗਰਾਮ ਦੇਖਦੇ ਰਹੇ, ਸਿੱਟੇ ਵੱਜੋਂ ਸਵੇਰੇ ਅੱਖ ਨਹੀਂ ਖੁੱਲੀ ਸਗੋਂ ਅਜਿਹੇ ਲੋਕਾਂ ਦਾ ਧਿਆਨ ਵੀ ਨਹੀਂ ਹੁੰਦਾ ਕਿ ਸਵੇਰੇ ਨਮਾਜ਼ ਲਈ ਉਠਣਾ ਹੈ ਅਤੇ ਇਹ ਦੋਵੇਂ ਚੀਜਾਂ ਅਤੇ ਇਸ ਪ੍ਰਕਾਰ ਦੀਆਂ ਵਿਅਰਥ ਚੀਜਾਂ ਅਜਿਹੀਆਂ ਹਨ ਕਿ ਕੇਵਲ ਇਕ ਅੱਧੀ ਵਾਰੀ ਨਮਾਜ਼ ਨਸ਼ਟ ਨਹੀਂ ਕਰਦੀਆਂ ਸਗੋਂ ਜਿੰਨ੍ਹਾ ਨੂੰ ਆਦਤ ਪੈ ਜਾਵੇ ਉਹਨਾਂ ਦਾ ਪ੍ਰਤੀਦਿਨ ਦਾ ਇਹ ਆਮ ਜਿਹੀ ਗੱਲ ਹੈ ਕਿ ਰਾਤ ਦੇਰ ਤੱਕ ਇਹ ਪ੍ਰੋਗਰਾਮ ਦੇਖਦੇ ਰਹਿਣਗੇ ਜਾਂ ਇੰਟਰਨੈਟ ਉਪੱਰ ਬੈਠੇ ਰਹਿਣਗੇ ਅਤੇ ਸਵੇਰੇ ਨਮਾਜ਼ ਲਈ ਉਠੱਣਾ ਉਹਨਾਂ ਲਈ ਮੁਸ਼ਕਲ ਹੋਵੇਗਾ ਸਗੋਂ ਉਠੱਣਗੇ ਹੀ ਹਨੀਂ, ਸਗੋਂ ਕਈ ਅਜਿਹੇ ਵੀ ਹਨ ਜੋ ਨਮਾਜ਼ ਨੂੰ ਕੁਝ ਮਹਤੱਾ ਹੀ ਨਹੀਂ ਦਿੰਦੇ । ਨਮਾਜ਼ ਜੋ ਇਕ ਮੁਢੱਲੀ ਚੀਜ ਹੈ ਜਿਸ ਦੀ ਅਦਾਇਗੀ ਹਰ ਅਵਸਥਾ ਵਿੱਚ ਲਾਜ਼ਮੀ ਹੈ ਇੱਥੋਂ ਤੱਕ ਕਿ ਜੰਗ ਅਤੇ ਕਸ਼ਟ ਤੇ ਰੋਗੀ ਦੀ ਅਵਸਥਾ ਵਿੱਚ ਵੀ, ਭਾਵੇਂ ਬਹਿਕੇ ਨਮਾਜ਼ ਪੜ੍ਹੇ, ਮਨੁੱਖ ਲੇਟਕੇ ਨਮਾਜ਼ ਪੜ੍ਹੇ ਜਾਂ ਜੰਗ ਦੀ ਅਵਸਥਾ ਵਿੱਚ ਜਾਂ ਸਫ਼ਰ ਦੀ ਅਵਸਥਾ ਵਿੱਚ ਕਸਰ ਕਰਕੇ ਪੜ੍ਹੇ ਪਰ ਬਹਿਰਹਾਲ ਪੜ੍ਹਨੀ ਹੈ ਅਤੇ ਆਮ ਹਾਲਾਤਾਂ ਵਿੱਚ ਤਾਂ ਪੁਰੁਸ਼ਾਂ ਨੂੰ ਜਮਾਤ ਨਾਲ ਅਤੇ ਇਸਤਰੀਆਂ ਨੂੰ ਵੀ ਸਮੇਂ ਸਿਰ ਪੜ੍ਹਨ ਦਾ ਹੁਕੁਮ ਹੈ ਪਰ ਸ਼ੈਤਾਨ ਕੇਵਲ ਇਕ ਸੰਸਾਰਕ ਪ੍ਰਗਰਾਮ ਦੇ ਲਾਲਚ ਵਿੱਚ ਨਮਾਜ਼ ਤੋਂ ਦੂਰ ਲੈ ਜਾਂਦਾ ਹੈ । ਕਈ ਘਰਾਂ ਵਿੱਚ ਕੇਵਲ ਇਸ ਲਈ ਬੇਚੈਨੀ ਹੈ ਕਿ ਪਤਨੀਆਂ ਦੇ ਹੱਕ ਵੀ ਪੂਰੇ ਨਹੀਂ ਹੋ ਰਹੇ ਅਤੇ ਬੱਚਿਆਂ ਦੇ ਹੱਕ ਵੀ ਪੂਰੇ ਨਹੀਂ ਹੋ ਰਹੇ ਇਸ ਲਈ ਕਿ ਪੁਰੁਸ਼ ਟੀਵੀ ਅਤੇ

ਇੰਟਰਨੈਟ ਉਪੱਰ ਬੇਹੂਦਾ (ਵਿਅਰਥ) ਪ੍ਰੋਗਰਾਮ ਦੇਖਣ ਵਿੱਚ ਰੁੱਝੇ ਹੁੰਦੇ ਹਨ । ਇਸ ਲਈ ਇਕ ਅਹਮਦੀ ਘਰਾਣੇ ਨੂੰ ਇਹਨਾ ਸਾਰੀਆਂ ਬੁਰਾਈਆਂ ਤੋਂ ਬਚਣ ਦਾ ਜਤਨ ਕਰਨਾ ਚਾਹੀਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਮੋਮਿਨਾਂ ਨੂੰ ਸ਼ੈਤਾਨ ਦੇ ਹਮਲਿਆਂ ਤੋਂ ਬਚਾਉਣ ਦੀ ਸਾਨੂੰ ਇਹ ਦੁਆ ਸਿਖਾਈ ਹੈ ਕਿ ਹੇ, ਅਲੱਾਹ ! ਸਾਡੇ ਦਿਲਾਂ ਵਿੱਚ ਪ੍ਰੇਮ ਪੈਦਾ ਕਰਦੇ, ਸਾਡਾ ਸੁਧਾਰ ਕਰਦੇ ਅਤੇ ਸਾਨੂੰ ਸਲਾਮਤੀ ਦੇ ਮਾਰਗਾਂ ਉਪੱਰ ਚਲਾ ਅਤੇ ਸਾਨੂੰ ਹਨ੍ਹੇਰਿਆਂ ਤੋਂ ਮੁਕਤੀ ਪ੍ਰਦਾਨ ਕਰਕੇ ਨੂਰ ਵੱਲ ਲੈਜਾ ਅਤੇ ਸਾਨੂੰ ਪ੍ਰਗਟ ਤੇ ਗੁਪਤ ਬੁਰਾਈਆਂ ਤੋਂ ਬਚਾ ਅਤੇ ਸਾਡੇ ਲਈ ਸਾਡੇ ਕੰਨ੍ਹਾ ਵਿੱਚ ਸਾਡੀਆਂ ਅੱਖਾਂ ਵਿੱਚ ਸਾਡੀਆਂ ਪਤਨੀਆਂ ਵਿੱਚ ਸਾਡੀ ਸੰਤਾਨ ਵਿੱਚ ਬਰਕਤ ਰੱਖ ਦੇ ਅਤੇ ਸਾਡੇ ਉਪੱਰ ਰਹਮਤ ਦੀ ਨਿਗਾਹ ਹੋਵੇ, ਨਿਸ਼ਚੇ ਹੀ ਤੂੰ ਹੀ ਹੈਂ, ਤੂੰ ਹੀ ਸਾਡੀ ਤੌਬਾ ਕੁਬੂਲ ਕਰਨ ਵਾਲਾ ਹੈਂ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ ਅਤੇ ਸਾਨੂੰ ਆਪਣੀਆਂ ਨੇਮਤਾਂ ਦਾ ਸ਼ੁਕਰ ਕਰਨ ਵਾਲਾ ਅਤੇ ਉਹਨਾਂ ਦੀ ਚੰਗੀ ਯਾਦ ਕਰਨ ਕਰਨ ਵਾਲਾ ਅਤੇ ਓਹਨਾਂ ਨੂੰ ਕੁਬੂਲ ਕਰਨ ਵਾਲਾ ਬਣਾ ਅਤੇ ਹੇ, ਅਲੱਾਹ ! ਸਾਡੇ ਉਪੱਰ ਨੇਮਤਾਂ ਪੂਰਨ ਕਰ । ਸੋ, ਇਹ ਦੁਆ ਹੈ ਜੋ ਸੰਸਾਰਕ ਗ਼ਲਤ ਆਨੰਦਾਂ ਤੋਂ ਵੀ ਰੋਕਣ ਲਈ ਹੈ ਅਤੇ ਦੂਜੀਆਂ ਹਰ ਪ੍ਰਕਾਰ ਦੀਆਂ ਵਿਅਰਥ ਗਲੱਾਂ ਤੋਂ ਵੀ ਰੋਕਣ ਲਈ ਹੈ ਸ਼ੈਤਾਨ ਦੇ ਹਮਲਿਆਂ ਤੋਂ ਵੀ ਰੋਕਣ ਲਈ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਨੇ ਸਾਨੂੰ ਐਮ.ਟੀ.ਏ ਪ੍ਰਦਾਨ ਕੀਤਾ ਹੈ, ਅਲੱਾਹ ਤਆਲਾ ਨੇ ਸਾਨੂੰ ਜਮਾਤ ਦੇ ਰੂਹਾਨੀ ਵਿਦਿਅਕ ਪ੍ਰੋਗਰਾਮਾ ਲਈ ਵੈਬਸਾਈਟ ਵੀ ਪ੍ਰਦਾਨ ਕੀਤੀ ਹੈ । ਜੇਕਰ ਅਸੀਂ ਆਪਣਾ ਬਹੁਤਾ ਧਿਆਨ ਇਸ ਵੱਲ ਕਰੀਏ ਤਾਂ ਫਿਰ ਹੀ ਸਾਡਾ ਧਿਆਨ ਇਸ ਵੱਲ ਰਹੇਗਾ ਜਿਸ ਨਾਲ ਅਸੀਂ ਰੱਬ ਦੇ ਨੇੜੇ ਹੋਣ ਵਾਲੇ ਹੋਵਾਂਗੇ ਅਤੇ ਸ਼ੈਤਾਨ ਤੋਂ ਬਚਣ ਵਾਲੇ ਹੋਵਾਂਗੇ । ਇਸ ਗੱਲ ਨੂੰ ਹਰ ਅਹਮਦੀ ਘਰ ਨੂੰ ਇਹ ਲਾਜ਼ਮੀ ਤੇ ਜ਼ਰੂਰੀ ਬਨਾਉਣਾ ਚਾਹੀਦਾ ਹੈ ਕਿ ਸਾਰੇ ਘਰ ਦੇ ਲੋਕ ਮਿਲਕੇ ਹਰ ਹਫ਼ਤੇ ਘੱਟੋ ਘੱਟ ਐਮ.ਟੀ.ਏ ਉਪੱਰ ਖ਼ੁਤਬਾ ਜ਼ਰੂਰ ਸੁਣਿਆ ਕਰਨ ਅਤੇ ਇਸ ਤੋਂ ਬਿਨਾ ਘੱਟੋ ਘੱਟ ਇਕ ਘੰਟਾ ਪ੍ਰਤੀਦਿਨ ਐ.ਟੀ.ਏ. ਦੇ ਹੋਰ ਪ੍ਰਗਰਾਮ ਵੀ ਦੇਖਣ । ਇਸ'ਤੇ ਜੋ ਵੀ ਅਮਲ ਕਰੇਗਾ ਨਿਸਚੇ ਹੀ ਜਿੱਥੇ ਉਸਨੂੰ ਧਾਰਮਕ ਲਾਭ ਹੋਵੇਗਾ ਉਸ ਤੋਂ ਸ਼ੈਤਾਨ ਦੀ ਵੀ ਦੂਰੀ ਹੋਵੇਗੀ । ਰੱਬ ਦੀ ਨੇੜਤਾ ਪ੍ਰਾਪਤ ਕਰਨ ਵੱਲ ਧਿਆਨ ਹੋਵੇਗਾ । ਘਰਾਂ ਦਾ ਸੁਕੂਨ (ਆਨੰਦ) ਵੀ ਮਿਲੇਗਾ ਅਤੇ ਇਸ ਵਿੱਚ ਬਰਕਤ ਵੀ ਪੈਦਾ ਹੋ ਜਾਵੇਗੀ ਜਿਵੇਂ ਕਿ ਅਲੱਾਹ ਤਆਲਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਰਾਹੀਂ ਸਾਨੂੰ ਦੁਆ ਵਿੱਚ ਸਿਖਾਇਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮਾਂ ਬਾਪ ਦਾ ਇਹ ਵੀ ਫ਼ਰਜ਼ ਹੈ ਕਿ ਬੱਚਿਆਂ ਨੂੰ ਮਸਜਿਦ ਨਾਲ ਜੋੜਨ ਜ਼ੈਲੀ ਤੰਜ਼ੀਮਾ ਦੇ ਪ੍ਰੋਗਰਾਮ ਵਿੱਚ ਸ਼ਾਮਲ ਕਰਾਉਣ । ਏਥੇ ਮੈਂ ਜ਼ੈਲੀ ਤੰਜ਼ੀਮਾ ਨੂੰ ਵੀ ਇਹ ਕਹਾਂਗਾ ਅਤੇ ਜਮਾਤੀ ਵਿਵਸਥਾ ਨੂੰ ਵੀ ਸਗੋਂ ਜ਼ੈਲੀ ਤੰਜ਼ੀਮਾ ਵਿਸ਼ੇਸ਼ ਰੂਪ ਵਿੱਚ ਇਸ ਲਈ ਕਿ ਇਤਫ਼ਾਲ (ਬੱਚੇ) ਤੇ ਨੌਜੁਆਨ ਖ਼ੁਦੱਾਮ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ । ਨਾਸਰਾਤ ਤੇ ਨੌਜੁਆਨ ਇਸਤਰੀਆਂ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ । ਇਹ ਬਹੁਤ ਵੱਡੀ ਜ਼ਿੰਮੇਦਾਰੀ ਹੈ ਜ਼ੈਲੀ ਤੰਜ਼ੀਮਾ ਦੀ ਕਿ ਉਹਨਾਂ ਨੂੰ ਜਮਾਤ ਨਾਲ ਮਜ਼ਬੂਤੀ ਨਾਲ ਜੋੜਨ । ਖ਼ੁਦੱਾਮ ਆਪਣੇ ਅਜਿਹੇ ਖ਼ੁਦੱਾਮਾ ਦੀ ਟੀਮ ਬਨਾਉਣ ਜੋ ਵੱਖ ਵੱਖ ਸੁਭਾਵ ਦੇ ਲੋਕਾਂ ਨੌਜੁਆਨਾਂ ਨੂੰ ਆਪਣੇ ਨਾਲ ਜੋੜਨ ਵਾਲੇ ਹੋਣ । ਅਹੁਦੇਦਾਰ ਆਪਣੇ ਰਵਈਏ ਅਜਿਹੇ ਰਖੱਣ ਕਿ ਪਿਆਰ ਨਾਲ ਉਹਨਾਂ ਨੂੰ ਧਰਮ ਨਾਲ ਜੋੜਨ ਮਸਜਿਦ ਨਾਲ ਜੋੜਨ । ਅਸੀਂ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ ਤਾਂ ਇਸੇ ਕਰਕੇ ਕਿ ਇਸ ਜ਼ਮਾਨੇ ਵਿੱਚ ਮਸੀਹ ਮੌਊਦ ਰਾਹੀਂ ਹੀ ਸ਼ੈਤਾਨ ਨਾਲ ਅਖੀਰੀ ਜੰਗ ਹੈ ਪਰ ਜੇਕਰ ਅਸੀਂ ਆਪਣੇ ਅਮਲਾਂ ਰਾਹੀਂ ਸ਼ੈਤਾਨ ਨੂੰ ਮੌਕਾ ਦੇ ਰਹੇ ਹਾਂ ਕਿ ਸਾਡੇ ਬੱਚਿਆਂ ਅਤੇ ਨੌਜੁਆਨਾਂ ਨੂੰ ਅਹੁਦੇਦਾਰਾਂ ਨੇ ਰਵਈਏ ਕਰਕੇ ਸ਼ੈਤਾਨ ਹਮਦਰਦੀ ਜਤਾਕੇ ਆਪਣੇ ਕਾਬੂ ਵਿੱਚ ਕਰ ਲਏ ਤਾਂ ਫਿਰ ਅਜਿਹੇ ਅਹੁਦੇਦਾਰ ਭਾਵੇਂ ਉਹ ਪੁਰੁਸ਼ ਹਨ ਜਾਂ ਇਸਤਰੀ ਮਸੀਹ ਮੌਊਦ ਦੇ ਮਦਦਗਾਰ ਨਹੀਂ ਸਗੋਂ ਸ਼ੈਤਾਨ ਦੇ ਮਦਦਗਾਰ

ਹਨ । ਸੋ, ਹਰ ਅਹੁਦੇਦਾਰ ਨੂੰ ਵਿਸ਼ੇਸ਼ ਰੂਪ ਵਿੱਚ ਜਤਨ ਕਰਨਾ ਚਾਹੀਦਾ ਹੈ ਕਿ ਉਸਨੇ ਆਪਣੇ ਆਪ ਨੂੰ ਵੀ ਸ਼ੈਤਾਨ ਦੇ ਹਮਲਿਆਂ ਤੋਂ ਬਚਾਉਂਣਾ ਹੈ ਅਤੇ ਜਮਾਤ ਦੇ ਲੋਕਾਂ ਨੂੰ ਵੀ ਬਚਾਉਣਾ ਹੈ ।

ਸੋ, ਅਲੱਾਹ ਤਆਲਾ ਨੇ ਜੋ ਮਿਹਰ ਕੀਤੀ ਹੈ ਉਸ ਨੂੰ ਸਮਝਣ ਦੀ ਲੋੜ ਹੈ ਰੱਬ ਦੀ ਰਜ਼ਾ ਹਾਸਲ ਕਰਨ ਦੀ ਲੋੜ ਹੈ । ਇਸ ਪ੍ਰਕਾਰ ਹਰ ਸੂਝਵਾਨ ਅਹਮਦੀ ਨੂੰ ਨੌਜੁਆਨ ਲੜਕਿਆਂ ਅਤੇ ਲੜਕੀਆਂ ਨੂੰ ਇਹ ਸੋਚ ਵਿੱਚ ਰਖੱਣਾ ਚਾਹੀਦਾ ਹੈ ਕਿ ਉਹਨਾ'ਤੇ ਰੱਬ ਨੇ ਮਿਹਰ ਕਰਦਿਆਂ ਹੋਇਆਂ ਉਹਨਾਂ ਨੂੰ ਅਹਮਦੀਅਤ ਕ਼ਬੂਲ ਕਰਨ ਦੀ ਤੌਫ਼ੀਕ ਪ੍ਰਦਾਨ ਕੀਤੀ ਹੈ ਜਾਂ ਅਹਮਦੀ ਘਰਾਣੇ ਵਿੱਚ ਪੈਦਾ ਕੀਤਾ ਹੈ । ਇਸ ਲਈ ਉਸ ਨੇ ਕਿਸੇ ਆਪਣੇ ਤੋਂ ਵੱਡੇ ਜਾਂ ਨਾਂ ਨਿਹਾਦ ਬਜ਼ੁਰਗ ਦੇ ਰਵਈਏ ਕਰਕੇ ਆਪਣੇ ਆਪ ਨੂੰ ਧਰਮ ਤੋਂ ਦੂਰ ਨਹੀਂ ਕਰਨਾ ਸਗੋਂ ਸ਼ੈਤਾਨ ਨੂੰ ਪਰਾਜਿਤ ਕਰਨ ਲਈ ਮਸੀਹ ਮੌਊਦ ਅਲੈਹਿ ਸਲਾਮ ਦਾ ਮਦਦਗਾਰ ਬਨਣਾ ਹੈ ਅਤੇ ਉਸ ਦੇ ਲਈ ਰੱਬ ਤੋਂ ਦੁਆ ਕਰਨੀ ਹੈ ।

ਇਸੇ ਪ੍ਰਕਾਰ ਵਿਸ਼ੇਸ਼ ਉਹ ਜਿੰਨ੍ਹਾ ਦੇ ਸੁਪੁਰਦ ਧਾਰਮਕ ਸੇਵਾ ਦਾ ਕੰਮ ਕੀਤਾ ਗਿਆ ਹੈ ਜਮਾਤ ਦੇ ਲੋਕਾਂ ਦਾ ਮਾਰਗਦਰਸ਼ਨ ਅਤੇ ਸਿੱਖਿਆ ਦਾ ਕੰਮ ਜਿੰਨ੍ਹਾ ਦੇ ਸੁਪੁਰਦ ਹੈ ਆਪਣੀ ਕਥਨੀ ਤੇ ਕਰਨੀ ਨੂੰ ਰੱਬ ਦੀ ਰਜ਼ਾ ਅਨੁਸਾਰ ਢਾਲਣ ਦਾ ਜਤਨ ਕਰਨ ਅਤੇ ਰੱਬ ਤੋਂ ਖ਼ਾਲਸ ਹੋਕੇ ਦੁਆ ਕਰਨ ਕਿ ਰੱਬ ਉਹਨਾਂ ਦੇ ਸਬਬ ਕਿਸੇ ਨੂੰ ਸ਼ੈਤਾਨ ਦੀ ਝੋਲੀ ਵਿੱਚ ਨ ਜਾਣ ਦੇਵੇ ਸਗੋਂ ਕਿਸੇ ਪ੍ਰਕਾਰ ਵੀ ਕੋਈ ਜਮਤਾ ਦਾ ਵਿਅਕਤੀ ਵੀ ਸ਼ੈਤਾਨ ਦੇ ਪਿੱਛੇ ਚਲੱਣ ਵਾਲਾ ਨ ਹੋਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ 'ਇਸਤਗ਼ਫ਼ਾਰ' ਵੱਲ ਧਿਆਨ ਦੁਆਦਿਆਂ ਹੋਇਆਂ ਇਕ ਥਾਂ ਫ਼ਰਮਾਉਂਦੇ ਹਨ ਕਿ ਅਲੱਾਹ ਤਆਲਾ ਨੇ ਹਮੇਸ਼ਾ ਲਈ 'ਇਸਤਗ਼ਫ਼ਾਰ' ਦਾ ਪ੍ਰਬੰਧ ਕਰਾਇਆ ਹੈ ਕਿ ਮਨੁੱਖ ਹਰ ਇਕ ਪਾਪ ਲਈ ਭਾਵੇਂ ਪ੍ਰਗਟ ਹੋਵੇ ਜਾਂ ਗੁਪਤ ਦਾ ਭਾਵੇਂ ਉਸ ਨੂੰ ਪਤਾ ਹੋਵੇ ਜਾਂ ਨ ਪਤਾ ਹੋਵੇ ਅਤੇ ਹੱਥ, ਪੈਰ੍ਹ, ਜ਼ਬਾਨ, ਨੱਕ, ਕੰਨ੍ਹ ਅਤੇ ਅੱਖ ਹਰ ਪ੍ਰਕਾਰ ਦੇ ਪਾਪਾਂ ਤੋਂ ਇਸਤਗ਼ਫ਼ਾਰ ਕਰਦਾ ਰਹੇ । ਫ਼ਰਮਾਇਆ ਅੱਜ ਕਲ ਆਦਮ ਅਲੈਹਿ ਸਲਾਮ ਦੀ ਦੁਆ ਪੜ੍ਹਨੀ ਚਾਹੀਦੀ ਹੈ । ਉਹ ਦੁਆ ਕੀ ਹੈ "ਰਬੱਾਨਾ ਜ਼ਲਮਨਾ ਅਨਫ਼ੁਸਾਨਾ ਵ ਇਨ ਲਮ ਤਗ਼ਫ਼ਿਰਲਨਾ ਵ ਤਰ ਹਮਨਾ ਲ-ਨਕੂਨਨੱਾ ਮਿਨਲ ਖ਼ਾਸਿਰੀਨ ।" ( رَبَّنَا ظَلَمۡنَآ اَنۡفُسَنَا وَاِنۡ لَّمۡ تَغۡفِرۡ لَنَا وَتَرۡحَمۡنَا لَنَكُوۡنَنَّ مِنَ الۡخٰسِرِيۡنَ ) ਅਰਥਾਤ ਕਿ ਇਉਂ, ਹੇ, ਸਾਡੇ ਰੱਬ ਅਸੀਂ ਆਪਣੀਆਂ ਜਾਨਾਂ ਉਪੱਰ ਜ਼ੁਲਮ ਕੀਤਾ ਜੇਕਰ ਤੂੰ ਸਾਨੂੰ ਨਹੀਂ ਬਖਸ਼ੇਂਗਾ ਅਤੇ ਸਾਡੇ ਉਪੱਰ ਰਹਿਮ ਨਹੀਂ ਕਰੇਂਗਾ ਤਾਂ ਅਸੀਂ ਘਾਟਾ ਖਾਣ ਵਾਲਿਆਂ ਵਿੱਚੋਂ ਹੋ ਜਾਵਾਂ ਗੇ । ਫਿਰ ਇਕ ਥਾਂ ਨਸੀਹਤ ਕਰਦਿਆਂ ਹੋਇਆਂ ਆਪ ਨੇ ਫ਼ਰਮਾਇਆ ਕਿ :

ਪਿਆਰਿਓ ! ਰੱਬ ਦੇ ਹੁਕਮਾ ਨੂੰ ਬੇਕਦਰੀ ਨਾਲ ਨ ਦੇਖੋ । ਵਰਤਮਾਨ ਫ਼ਲਸਫ਼ੇ ਦਾ ਜ਼ਹਿਰ ਤੁਹਾਡੇ ਉਪੱਰ ਅਸਰ ਨ ਕਰੇ ਇਕ ਬੱਚੇ ਵਾਂਗ ਬਣਕੇ ਉਸ ਦੇ ਹੁਕਮਾਂ ਹੇਠ ਚੱਲੋ । ਨਮਾਜ਼ ਪੜ੍ਹੋ ਕਿ ਉਹ ਸਾਰੀਆਂ ਸ਼ਕਤੀਆਂ ਦੀ ਕੁੰਜੀ ਹੈ ਅਤੇ ਜਦ ਤੂੰ ਨਮਾਜ਼ ਲਈ ਖੜਾ ਹੋਵੇਂ ਅਜਿਹਾ ਨ ਕਰ ਕਿ ਸੰਭਵਤਾ ਇਕ ਰੀਤ ਨਿਭਾ ਰਿਹਾ ਹੈਂ ਸਗੋਂ ਨਮਾਜ ਤੋਂ ਪਹਿਲਾਂ ਜਿਵੇਂ ਕਿ ਪ੍ਰਗਟ ਰੂਪ ਵਿੱਚ ਵੁਜ਼ੂ ਕਰਦੇ ਹਨ ਇਉਂ ਹੀ ਬਾਤਨੀ ਤੌਰ'ਤੇ ਵੁਜ਼ੂ ਕਰ ਅਤੇ ਆਪਣੇ ਅੰਗਾ ਨੂੰ ਰੱਬ ਦੇ ਵਿਚਾਰ ਤੋਂ ਬਿਨਾ ਹੋਰਨਾ ਸਾਰਿਆਂ ਨੂੰ ਧੋ ਦਿਓ । ਤੱਦ ਤੁਸੀਂ ਦੋਹਾਂ ਪ੍ਰਕਾਰ ਦੇ ਵੁਜ਼ੂਆਂ ਨਾਲ ਖੜੇ ਹੋ ਜਾਓ ਅਤੇ ਨਮਾਜ ਵਿੱਚ ਬਹੁਤ ਦੁਆਵਾਂ ਕਰੋ ਅਤੇ ਰੱਬ ਅੱਗੇ ਕੁਰਲਾਉਂਣਾ ਤੇ ਗਿੜਗਿੜਾਉਣਾ ਆਪਣੀ ਆਦਤ ਬਣਾ ਲਓ ਤਾਂ ਤੁਹਾਡੇ ਉਪੱਰ ਰਹਿਮ ਕੀਤਾ ਜਾਵੇ । ਸਚੱਾਈ ਧਾਰਣ ਕਰੋ ਸਚੱਾਈ ਧਾਰਣ ਕਰੋ ਕਿ ਉਹ ਤੁਹਾਨੂੰ ਦੇਖ ਰਿਹਾ ਹੈ ਹਮੇਸ਼ਾ ਹਰ ਮਾਮਲੇ ਵਿੱਚ ਸੱਚਾਈ ਧਾਰਣ ਕਰੋ । ਹਰ ਮਾਮਲੇ ਵਿੱਚ ਇਹ ਹੋਵੇ ਕਿ ਰੱਬ ਮੈਂਨੂੰ ਦੇਖ ਰਿਹਾ ਹੈ, ਉਹ ਦੇਖ ਰਿਹਾ ਹੈ ਕਿ ਤੁਹਾਡੇ ਦਿਲ ਕਿਹੋ ਜਿਹੇ ਹਨ ਕੀ ਮਨੁੱਖ ਉਸ ਨੂੰ ਵੀ ਧੋਖਾ ਦੇ ਸਕਦਾ ਹੈ, ਕੀ ਉਸ ਦੇ ਸਾਹਮਣੇ ਵੀ ਮਕੱਾਰੀਆਂ ਪੇਸ਼ ਜਾਂਦੀਆਂ ਹਨ ਅਤਿਅੰਤ ਮੂਰਖ ਬਦਬਖ਼ਤ ਮਨੁੱਖ ਆਪਣੇ ਝੂਠੇ ਕਰਮ ਇਸ ਹੱਦ ਤੱਕ ਪਹੁੰਚਾਉਂਦਾ ਹੈ ਕਿ ਸੰਭਤਾ ਰੱਬ

ਨਹੀਂ । ਉਹ ਛੇਤੀ  ਹਲਾਕ ਕੀਤਾ ਜਾਂਦਾ ਹੈ ਅਤੇ ਰੱਬ ਨੂੰ ਉਸ ਦੀ ਕੁਝ ਵੀ ਪਰਵਾਹ ਨਹੀਂ ਹੁੰਦੀ । ਫ਼ਰਮਾਇਆ, ਪਿਆਰਿਓ ! ਇਸ ਦੁਨੀਆ ਦਾ ਵਿਸ਼ੇਸ਼ ਤਰਕ ਇਕ ਸ਼ੈਤਾਨ ਹੈ ਅਤੇ ਇਸ ਦੁਨੀਆ ਦਾ ਫੋਕਾ ਫ਼ਲਸਫ਼ਾ (ਤਰਕ) ਇਕ ਇਬਲੀਸ (ਸ਼ੈਤਾਨ) ਹੈ । ਕੇਵਲ ਤਰਕ ਤੇ ਲਾਜਕ ਅਤੇ ਕਾਰਣ ਇਹ ਜੋ ਚੀਜਾ ਹਨ ਇਹ ਸਭ ਸ਼ੈਤਾਨੀ ਗੱਲਾਂ ਹਨ । ਕੇਵਲ ਤਰਕ ਤੇ ਫ਼ਲਸਫ਼ੇ ਉਪੱਰ ਚੱਲੋਗੇ ਤਾਂ ਫਿਰ ਈਮਾਨ ਦਾ ਨੂਰ ਘੱਟ ਜਾਵੇਗਾ ਅਤੇ ਬੇ ਸ਼ਰਮੀ ਪੈਦਾ ਕਰਦਾ ਹੈ ਇਹ। ਹੋਲੀ ਹੋਲੀ ਅਧਰਮ ਤੱਕ ਪਹੁੰਚ ਜਾਂਦਾ ਹੈ, ਸੋ, ਤੁਸੀਂ ਆਪਣੇ ਆਪ ਨੂੰ  ਇਸ ਤੋਂ ਬਚਾਓ ਅਤੇ ਅਜਿਹਾ ਦਿਲ ਪੈਦਾ ਕਰੋ ਜੋ ਗ਼ਰੀਬ ਤੇ ਮਿਸਕੀਨ ਹੋਵੇ ਅਤੇ ਬਿਨਾ ਕਿਸੇ ਚੂੰਚਰਾਂ ਦੇ ਰੱਬ ਦੇ ਆਦੇਸ਼ਾਂ ਨੂੰ ਮਨੰਣ ਵਾਲੇ ਬਣੋ ਕਿ ਬਚੱਾ ਅਪਣੀ ਮਾਂ ਦੀਆਂ ਗੱਲਾਂ ਨੂੰ ਮਨ੍ਹੰਦਾ ਹੈ । ਕੁਰਆਨ ਕਰੀਮ ਦੀ ਵਿਦਿਆ ਉਚੱਤਮ ਦਰਜੇ ਤੱਕ ਪਹੁੰਚਾਉਂਦੀਆਂ ਹਨ, ਉਹਨਾਂ ਵੱਲ ਕੰਨ੍ਹ ਧਰੋ ਅਤੇ ਉਹਨਾਂ ਅਨੁਸਾਰ ਆਪਣੇ ਆਪ ਨੂੰ ਬਣਾ ਲਓ ।

ਅਲੱਾਹ ਕਰੇ ਅਸੀਂ ਸ਼ੈਤਾਨ ਦੇ ਪਦਚਿੰਨ੍ਹਾ ਉਪੱਰ ਚਲੱਣ ਤੋਂ ਬਚਣ ਵਾਲੇ ਹੋਈਏ । ਰੱਬ ਅੱਗੇ ਝੁਕੱਦਿਆਂ ਹੋਇਆਂ ਉਸ ਦੀ ਮਦਦ ਮੰਗਦਿਆਂ ਹੋਇਆਂ ਉਸ ਦੇ ਆਦੇਸ਼ਾਂ ਉਪੱਰ ਚਲੱਣ ਵਾਲੇ ਹੋਈਏ । ਕੁਰਆਨ ਕਰੀਮ ਦੀ ਸਿੱਖਿਆ ਉਪੱਰ ਅਮਲ ਕਰਨ ਵਾਲੇ ਹੋਈਏ ਅਤੇ ਉਸ ਗੱਲ ਦਾ ਸ਼ੁਕਰਾਨਾ ਕਰਨ ਵਾਲੇ ਹੋਈਏ ਕਿ ਰੱਬ ਨੇ ਸਾਨੂੰ ਆਪਣੇ ਫ਼ਰਸਤਾਦੇ ਨੂੰ ਮਨੰਣ ਦੀ ਤੌਫ਼ੀਕ ਪ੍ਰਦਾਨ ਕੀਤੀ, ਜਿਸ ਨੇ ਸ਼ੈਤਾਨ ਨੂੰ ਪਰਾਜਿਤ ਕਰਨਾ ਹੈ । ਅਲੱਾਹ ਕਰੇ ਹਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੀਤੇ ਹੋਏ ਬੈਅਤ ਦੇ ਪ੍ਰਣ ਨੂੰ ਪੂਰਾ ਕਰਦਿਆਂ ਹੋਇਆਂ ਸ਼ੈਤਾਨ ਦੇ ਹਰ ਹਮਲੇ ਨੂੰ ਨਾਕਾਮ ਤੇ ਅਸਫ਼ਲ ਕਰਨ ਵਾਲਿਆਂ ਵਿੱਚ ਸ਼ਾਮਲ ਹੋ ਜਾਈਏ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ।

**Khulasa Khutba 20.05.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131